StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 14

No. of Printed Pages — 7

**SS—25—Punjabi Sah.**

# उच्च माध्यमिक परीक्षा, 2014

# SENIOR SECONDARY EXAMINATION, 2014

## PUNJABI SAHITYA

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 4, 8 ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।

StudentBounty.com



1. ਗੁਰੂ ਗੋਬਿੰਦ ਸਿੰਘ ਮਨੁੱਖ ਮਾਤਰ ਦੀ ਏਕਤਾ ਵਿੱਚ ਵਿਸ਼ਵਾਸ਼ ਰੱਖਦੇ ਸਨ । ਆਪ ਦੀ ਲੜਾਈ ਜ਼ਾਲਿਮ ਤੇ ਜਾਬਰ ਵਿਰੁੱਧ ਸੀ । ਇਹੋ ਹੀ ਕਾਰਨ ਹੈ ਕਿ ਹਰ ਫ਼ਿਰਕੇ ਦੇ ਯੋਧੇ ਆਪ ਦੀ ਸੈਨਾ ਵਿੱਚ ਫ਼ੌਜੀ ਅਫ਼ਸਰ ਦੀ ਪਦਵੀ ਨੂੰ ਗ੍ਰਹਿਣ ਕਰ ਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖਰ ਮਹਿਸੂਸ ਕਰਦੇ ਸਨ । ਪੀਰ ਬੁੱਧੂ ਸ਼ਾਹ ਦਾ ਆਪ ਦੀ ਸੈਨਾ ਵਿੱਚ ਸ਼ਾਮਿਲ ਹੋਣਾ ਇੱਕ ਪ੍ਰਤੱਖ ਪ੍ਰਮਾਣ ਹੈ । ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸਤੀ ਵੀ ਆਪ ਜੀ ਨੇ ਕੀਤੀ । ਆਪ ਜੀ ਦਾ ਸਾਰਾ ਜੀਵਨ ਹੀ ਜੰਗਾਂ-ਯੁੱਧਾਂ ਤੇ ਜੱਦੋ-ਜਹਿਦ ਵਿੱਚ ਲੰਘਿਆ । ਪਹਾੜੀ ਰਾਜਿਆਂ ਅਤੇ ਮੁਗ਼ਲ ਬਾਦਸ਼ਾਹਾਂ ਨਾਲ਼ ਆਪ ਜੀ ਨੇ ਲੋਹਾ ਲਿਆ । ਮੁੱਠੀ ਭਰ ਖਾਲਸਾ ਫ਼ੌਜਾਂ ਵਿੱਚ ਆਪ ਨੇ ਅਜਿਹੀ ਸਪਿਰਿਟ ਭਰ ਦਿੱਤੀ, ਜੋ ਕਿ ਵੈਰੀਆਂ ਦੇ ਲੱਖਾਂ ਦੀ ਗਿਣਤੀ ਦੇ ਦਲਾਂ ਉੱਤੇ ਭਾਰੂ ਸਾਬਤ ਹੋਈ ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਗੁਰੂ ਗੋਬਿੰਦ ਸਿੰਘ ਜੀ ਕਿਸ ਗੱਲ ਉੱਪਰ ਵਿਸ਼ਵਾਸ਼ ਰੱਖਦੇ ਸਨ ?

(ੲ) ਗੁਰੂ ਜੀ ਨੇ ਮੁੱਠੀ ਭਰ ਖ਼ਾਲਸਾ ਵਿੱਚ ਕਿਹੋ ਜਿਹੀ ਸਪਿਰਿਟ ਭਰੀ ?

(ਸ) ਗੁਰੂ ਜੀ ਦਾ ਸਾਰਾ ਜੀਵਨ ਕਿਵੇਂ ਲੰਘਿਆ ?

(ਹ) ਉਪਰੋਕਤ ਪੈਰ੍ਹੇ ਵਿੱਚ ਆਏ ਹੇਠਲੇ ਸ਼ਬਦਾਂ ਦੇ ਅਰਥ ਲਿਖੋ : -

ਫ਼ਖਰ, ਜਾਬਰ, ਜੱਦੋ-ਜਹਿਦ, ਸੈਨਾ । 5 × 2 = 10

2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 10

(ੳ) ਅੱਖੀਂ ਡਿੱਠਾ ਮੇਲਾ

(ਅ) ਭ੍ਰਿਸ਼ਟਾਚਾਰ

(ੲ) ਗੁਰੂ ਗੋਬਿੰਦ ਸਿੰਘ ਜੀ

(ਸ) ਮੇਰਾ ਮਨਭਾਉਂਦਾ ਲੇਖਕ

(ਖ) ਬੇਰੁਜ਼ਗਾਰੀ

3. ਹੇਠ ਲਿਖੇ ਸਿਰਲੇਖਾਂ ਵਿੱਚੋਂ ਕਿਸੇ ਇੱਕ ਉੱਪਰ ਕਹਾਣੀ ਲਿਖੋ :- 5

(ੳ) ਈਮਾਨਦਾਰੀ ਦਾ ਫ਼ਲ਼ ਮਿੱਠਾ ਹੁੰਦਾ ਹੈ ।

(ਅ) ਵਸਦੇ ਰਹੋ ਉੱਜੜ ਜਾਵੋ ।

(ੲ) ਖ਼ਰਗੋਸ਼ ਤੇ ਕੱਛੂਕੁੰਮਾ ।

StudentBounty.com



4. ਰੋਜ਼ਾਨਾ ਅਜੀਤ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸਕੂਲ ਵਿੱਚ ਖੇਡੇ ਗਏ ਜ਼ਿਲ੍ਹਾ ਪੱਧਰ ਕਬੱਡੀ ਦੇ ਫਾਈਨਲ ਮੈਚ ਦੇ ਮੁਕਾਬਲੇ ਸੰਬੰਧੀ ਇੱਕ ਪ੍ਰੈੱਸ ਨੋਟ ਲਿਖੋ । 1 + 3 + 1 = 5

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸਕੂਲ ਵਿੱਚ ਮਨਾਏ ਗਏ ਗਣਤੰਤਰ ਦਿਵਸ (ਛੱਬੀ ਜਨਵਰੀ) ਦੇ ਸਮਾਗਮ ਸੰਬੰਧੀ ਇੱਕ ਪ੍ਰੈੱਸ ਨੋਟ ਲਿਖੋ ।

5. (ੳ) ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :- 2

1. ਅੱਖਾਂ 'ਤੇ ਬਿਠਾਉਣਾ । 2. ਸਿਰ ਤਲੀ 'ਤੇ ਧਰਨਾ ।

3. ਹੱਥ ਪੈਰ ਮਾਰਨਾ । 4. ਕੰਨਾਂ ਨੂੰ ਹੱਥ ਲਾਉਣੇ ।

(ਅ) ਕਿਸੇ ਤਿੰਨ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਓ :- 3

1. ਸਰਫ਼ਾ ਕਰ ਕੇ ਸੁੱਤੀ, ਆਟਾ ਖਾ ਗਈ ਕੁੱਤੀ ।
2. ਘਰ ਦੀ ਮੁਰਗੀ ਦਾਲ਼ ਬਰਾਬਰ ।
3. ਢੱਕੀ ਰਿੱਝੇ, ਕੋਈ ਨਾ ਬੁੱਝੇ ।
4. ਫੂਹੀ ਫੂਹੀ ਤਲਾਬ ਭਰਦਾ ਹੈ ।
5. ਮਾੜਾ ਢੱਗਾ, ਛੱਤੀ ਰੋਗ ।

6. ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- 3

ਖੂਹ ਤੇ ਪਾਣੀ ਭਰਦੀਆਂ ਕੁੱਝ ਮੁਟਿਆਰਾਂ ਨੇ ਆਖਿਆ ਦੇਖੋ ਨੀ ਮੁੰਡਾ ਤਾਂ ਘੋੜੇ ਤੇ ਚੜ੍ਹਿਆ ਹੋਇਆ ਤੇ ਬੁੱਢਾ ਪਿਉ ਵਿਚਾਰਾ ਮਗਰ-ਮਗਰ ਪੈਰ ਘਸੀਟਦਾ ਆਉਂਦਾ ਜੇ ਅੱਜ-ਕੱਲ੍ਹ ਦੇ ਮੁੰਡਿਆਂ ਦਾ ਹਾਲ ਦੇਖੋ

7. (ੳ) ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ :- 1 + 1 + 1 = 3

1. ਰੇਸ਼ਮ ਗੀਤ ਗਾਉਂਦਾ ਹੈ । (ਵਾਕ ਵਿੱਚ ਆਈ ਕਿਰਿਆ ਦੱਸੋ)
2. ਬੱਚੇ ਤਾੜੀਆਂ ਮਾਰਨ ਲੱਗ ਪਏ । (ਵਾਕ ਵਿੱਚੋਂ ਕਰਤਾ ਦੱਸੋ)
3. ਅਵਤਾਰ ਹਾਕੀ ਖੇਡਦਾ ਹੈ । (ਵਾਕ ਵਿੱਚੋਂ ਕਰਮ ਦੱਸੋ)

(ਅ) ਹੇਠ ਲਿਖੇ ਅਸ਼ੁੱਧ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ :-

1. ਉਸ ਦਾ ਪਿਤਾ ਜੀ ਚਲਾਣਾ ਕਰ ਗਿਆ ਹੈ । 1 + 1 = 2
2. ਕੁੜੀਆਂ ਤੇ ਮੁੰਡੇ ਖੇਡ ਰਹੀਆਂ ਹਨ ।

StudentBounty.com



(ੲ) ਪਦ-ਕਰਮ ਸੋਧ ਕੇ ਲਿਖੋ :- 1 + 1 = 2

1. ਉਸ ਨੇ ਬਣਾ ਕੇ ਚਾਹ ਪੀਤੀ ।

2. ਜਗੁ ਜੀਤੈ ਮਨਿ ਜੀਤੁ ।

8. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

1 + 1 + 1 + 1 = 4

(ੳ) ਬੇਕਦਰਾਂ ਦੇ ਵੱਸ ਦਿਲ ਪਾ ਕੇ, ਅਸਾਂ ਸੱਲ ਸਹਾਰੇ ਚੋਖੇ ।
ਨੈਣਾਂ ਤੱਤਿਆਂ ਦਾ ਕੀ ਕਰੀਏ, ਜਿਹੜੇ ਮੁੜ ਮੁੜ ਖਾਵਣ ਧੋਖੇ ।
ਨਾ ਦਰਵਾਜੇ ਖੁੱਲ੍ਹਦੇ ਸਾਨੂੰ, ਨਾ ਹੋਵਣ ਬੰਦ ਝਰੋਖੇ ।
ਮਰਨ ਜੀਉਣ ਦੀ ਵਿਚਲੀ ਜੂਨੇ, ਅਸਾਂ ਵੇਖੇ ਚੁਹਲ ਅਨੋਖੇ ।

1. ਉਪਰੋਕਤ ਸਤਰਾਂ ਦੇ ਕਵੀ ਦਾ ਨਾਂ ਦੱਸੋ।

2. ਦਿਲ ਕਿਸ ਦੇ ਵੱਸ ਪੈ ਗਿਆ ?

3. 'ਤੱਤਿਆਂ' ਦਾ ਕੀ ਅਰਥ ਹੈ ?

4. ਉਪਰੋਕਤ ਸਤਰਾਂ ਦਾ ਭਾਵ-ਅਰਥ ਲਿਖੋ ।

(ਅ) ਦੁੱਧੀਆਂ ਨਾਲ਼ ਪਲਮਦੇ ਬੱਚੇ, ਕੰਮੀਂ ਰੁੱਝੀਆਂ ਮਾਵਾਂ ।
ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾਂ ।
ਬੋਕਿਆਂ ਵਰਗੇ ਪੇਟ ਉਨ੍ਹਾਂ ਦੇ, ਤੁੱਕਿਆਂ ਵਰਗੇ ਗਾਟੇ ।
ਛਾਲੇ ਛਾਲੇ ਹੱਥ ਉਨ੍ਹਾਂ ਦੇ, ਪੈਰ ਬਿਆਈਆਂ ਪਾਟੇ ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ ? ਕਵੀ ਦਾ ਨਾਂ ਵੀ ਦੱਸੋ ।

2. ਮਾਵਾਂ ਦੀਆਂ ਅੱਖੀਆਂ 'ਚ ਕੀ ਛਲਕ ਰਿਹਾ ਸੀ ?

3. ਮਜ਼ਦੂਰਾਂ ਦੇ ਪੇਟ ਤੇ ਗਾਟੇ ਕਿਹੋ ਜਿਹੇ ਸਨ ?

4. ਮਜ਼ਦੂਰਾਂ ਦੇ ਹੱਥਾਂ ਪੈਰਾਂ ਦੀ ਹਾਲਤ ਕੀ ਸੀ ?

StudentBounty.com



9. ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :- 2 + 2 + 2 = 6

(ੳ) ਸੋਨਾ, ਚਾਂਦੀ ਕਦੇ ਨਾ ਮਰਦੇ,

ਮਹਾਂਦੀਪਾਂ ਦੀਆਂ ਰਾਜਧਾਨੀਆਂ ਬਣਦੀਆਂ ਢਹਿੰਦੀਆਂ ਰਹਿੰਦੀਆਂ ।

ਪਰ ਦੌਲਤ, ਮਲਕੀਅਤ ਖ਼ਾਤਰ ਮਹਾਂ-ਸਾਗਰਾਂ ਅੰਦਰ,

ਪੱਧਰਾਂ ਅਤੇ ਪਹਾੜਾਂ ਉੱਤੇ ਬਿਨਾਂ ਕਿਸੇ ਆਸ਼ਾ ਦੇ,

ਲੜ ਲੜ ਲੋਕਾਂ ਦੀਆਂ ਖ਼ੂਨ-ਫੁਹਾਰਾਂ ਵਹਿੰਦੀਆਂ।

1. ਕਵੀ ਅਨੁਸਾਰ ਦੌਲਤ ਮਲਕੀਅਤ ਖ਼ਾਤਰ ਕੀ ਹੁੰਦਾ ਹੈ ?

2. ਉਪਰੋਕਤ ਸਤਰਾਂ ਅਨੁਸਾਰ ਲੜਾਈਆਂ ਕਿੱਥੇ-ਕਿੱਥੇ ਹੁੰਦੀਆਂ ਹਨ ?

3. ਉਪਰੋਕਤ ਸਤਰਾਂ ਦਾ ਕੇਂਦਰੀ-ਭਾਵ ਲਿਖੋ ।

(ਅ) ਆਖ ਮਾਏ ਅੱਧੀ-ਅੱਧੀ ਰਾਤੀਂ, ਮੋਏ ਮਿੱਤਰਾਂ ਦੇ,

ਉੱਚੀ ਉੱਚੀ ਨਾਂ ਨਾ ਲਵੇ ।

ਮਤੇ ਸਾਡੇ ਮੋਇਆਂ ਪਿੱਛੋਂ, ਜੱਗ ਇਹ ਸ਼ਰੀਕੜਾ ਨੀ,

ਗੀਤਾਂ ਨੂੰ ਵੀ ਚੰਦਰਾ ਕਵ੍ਹੇ ।

ਮਾਏ ਨੀ ਮਾਏ, ਮੇਰੇ ਗੀਤਾਂ ਦੇ ਨੈਣਾਂ ਵਿੱਚ,

ਬਿਰਹੋਂ ਦੀ ਰੜਕ ਪਵੇ ।

ਅੱਧੀ-ਅੱਧੀ ਰਾਤੀਂ, ਉੱਠ ਰੋਣ ਮੋਏ ਮਿੱਤਰਾਂ ਨੂੰ,

ਮਾਏ ਸਾਨੂੰ ਨੀਂਦ ਨਾ ਪਵੇ ।

1. ਇਹਨਾਂ ਸਤਰਾਂ ਦੀ ਭਾਵਨਾ ਕਿਹੋ ਜਿਹੀ ਹੈ ?

2. ਗੀਤਾਂ ਦੇ ਨੈਣਾਂ ਵਿੱਚ ਕੀ ਹੋ ਰਿਹਾ ਹੈ ?

3. ਕਵੀ ਮੋਏ ਮਿੱਤਰਾਂ ਦੇ ਉੱਚੀ-ਉੱਚੀ ਨਾਂ ਕਿਉਂ ਨਹੀਂ ਲੈਣਾ ਚਾਹੁੰਦਾ ?

StudentBounty.com



10. ਕਿਸੇ ਇੱਕ ਵਾਰਤਕ ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

$1\frac{1}{2} + 1\frac{1}{2} + 1\frac{1}{2} + 1\frac{1}{2} = 6$

(ੳ) ਕੁੱਝ ਦਿਨਾਂ ਬਾਅਦ ਜਦ ਸਭ ਕੁੱਝ ਨਾਰਮਲ ਹੋ ਗਿਆ ਤਾਂ ਇੱਕ ਸ਼ਾਮ ਬਲਵਿੰਦਰ ਦੀਆਂ ਵਾਲ਼-ਕਟੀਆਂ ਸਹੇਲੀਆਂ ਆਈਆਂ । ਕੌਫ਼ੀ ਸਿੱਪ ਕਰਦਿਆਂ ਬਲਵਿੰਦਰ ਨੇ ਬਾਪੂ ਦੀ 'ਮੜ੍ਹੀਆਂ' ਵਾਲ਼ੀ ਗੱਲ ਚੁਟਕਲਾ ਬਣਾ ਕੇ ਸੁਣਾ ਦਿੱਤੀ । ਉਹ ਸਭ ਜ਼ੋਰ ਨਾਲ਼ ਹੱਸੀਆਂ ਪਈ ਮਰਨ ਵਾਲ਼ੇ ਨੂੰ ਕੀ ਪਈ ਉਹਨੂੰ ਕਿੱਥੇ ਲਿਜਾਇਆ ਜਾਵੇਗਾ ਤੇ ਕਿੱਥੇ ਨਹੀਂ ।

1. ਇਹ ਸਤਰਾਂ ਕਿਸ ਕਹਾਣੀ ਦੀਆਂ ਹਨ ? ਕਹਾਣੀਕਾਰ ਦਾ ਨਾਂ ਵੀ ਦੱਸੋ ।
2. ਕੌਫ਼ੀ ਸਿੱਪ ਕਰਦਿਆਂ ਬਲਵਿੰਦਰ ਨੇ ਬਾਪੂ ਦੀ ਕਿਹੜੀ ਗੱਲ ਸੁਣਾਈ ?
3. ਸਤਰਾਂ ਅਨੁਸਾਰ ਵਾਲ਼-ਕਟੀਆਂ ਕੌਣ ਸਨ ?
4. 'ਚੁਟਕਲਾ ਬਣਾ ਕੇ ਸੁਣਾਉਣ' ਤੋਂ ਕੀ ਭਾਵ ਹੈ ?

(ਅ) "ਜਦੋਂ ਪਹਿਲੀ ਵਾਰੀ ਤਸੀਲੇ ਗਿਆ ਸਾਂ ਤਾਂ ਅਰਦਲੀ ਨੇ ਮੈਨੂੰ 'ਸਿਆਣਾ' ਆਖਿਆ ਸੀ । ਤੇ ਅੱਜ ਪੰਡਤਾਂ ਦੇ ਮੁੰਡੇ ਨੇ ਕਮਲ਼ਾ ਬਣਾ ਕੇ ਧਰਤਾ । .............. ਭਲਾ ਅਰਦਲੀ ਸੱਚ ਕਹਿੰਦਾ ਸੀ ਕਿ ਮੁੰਡਾ ਸੱਚ ਕਹਿੰਦੈ ? ........... ਮੈਨੂੰ ਤਾਂ ਦੀਂਹਦੈ ਬੀ ਮੁੰਡਾ ਈ ਸਹੁਰਾ ਕਮਲਾ ਐ । ਭਲਾ ਐਂ ਵੀ ਕਦੇ ਕੰਮ ਹੋਏ ਐ ।"

1. ਇਹ ਸਤਰਾਂ ਕਿਸ ਕਹਾਣੀ ਦੀਆਂ ਹਨ ? ਕਹਾਣੀਕਾਰ ਦਾ ਨਾਂ ਵੀ ਦੱਸੋ ।
2. ਇਹ ਸਤਰਾਂ ਕਿਸ ਬਾਰੇ ਕਹੀਆਂ ਗਈਆਂ ਹਨ ?
3. ਉਸ ਨੂੰ ਸਿਆਣਾ ਕਿਸ ਨੇ ਕਿਹਾ ਸੀ ?
4. ਦਸੌਂਦਾ ਸਿੰਘ ਕਿਸ ਦੁਚਿੱਤੀ ਵਿੱਚ ਸੀ ?

11. ਕੋਈ ਚਾਰ ਪ੍ਰਸ਼ਨ ਕਰੋ :- $1 + 1 + 1 + 1 = 4$

(ੳ) ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?

(ਅ) ਨੌਕਰੀਆਂ ਕਰਨ ਵਾਲੀਆਂ ਕੁੜੀਆਂ ਬਾਰੇ ਲੋਕ ਕੀ ਸੋਚਦੇ ਹਨ ?

(ੲ) ਕਿਨ੍ਹਾਂ ਕਾਰਨਾਂ ਕਰਕੇ ਦੀਪੇ ਦੀ ਮਾਂ ਦੀਆਂ ਅੱਖਾਂ ਖ਼ਰਾਬ ਹੋਈਆਂ ?

StudentBounty.com



(ਸ) ਇੰਦਰ ਆਪਣੇ ਆਪ ਨੂੰ ਦੂਜਿਆਂ ਨਾਲ਼ੋ ਵੱਡਾ ਤੇ ਮਹਾਨ ਸਮਝਦਾ ਸੀ ? ਉਦਾਹਰਨਾਂ ਦੇ ਕੇ ਦੱਸੋ ।

(ਹ) 'ਕਾਰ ਖਿਡੌਣਾ' ਕਹਾਣੀ ਦਾ ਲੇਖਕ ਕੌਣ ਹੈ ?

12. ਕੋਈ ਦੋ ਪ੍ਰਸ਼ਨ ਕਰੋ :- 3 + 3 = 6

(ੳ) ਬੇਬੇ ਰਾਮ ਭਜਨੀ ਜਾਂ ਵੀਰਾਂ ਵਾਲੀ ਦੀ ਪਾਤਰ ਉਸਾਰੀ ਕਰੋ ।

(ਅ) ਸ਼ਾਮੋ ਵਾਲ਼ੀਆਂ ਲੈਣ ਲਈ ਆਪਣੀ ਮਾਂ ਰਾਧਾ ਨੂੰ ਕਿਵੇਂ ਮਨਾਉਂਦੀ ਹੈ ?

(ੲ) ਬੇਰੁਜ਼ਗਾਰ ਪੁੱਤਰ ਤੋਂ ਪਿਤਾ ਕੀ ਚਾਹੁੰਦਾ ਹੈ ?

13. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :- 2 + 2 = 4

(ੳ) ਇਕਾਂਗੀ 'ਬੰਬ ਕੇਸ' ਦੀ ਸਮੱਸਿਆ ਸੰਖੇਪ ਕਰ ਕੇ ਲਿਖੋ ।

(ਅ) ਸ਼ਰਨ ਸਿੰਘ ਮਕਾਨ ਦੀ ਕੀਮਤ ਵਧਾਉਣ ਘਟਾਉਣ ਲਈ ਮਕਾਨ ਬਾਰੇ ਕੀ ਕੁੱਝ ਕਹਿੰਦਾ ਹੈ ?

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

ਬੇਟੀ, ਅੱਜ, ਮੇਰੀ ਰੂਹ ਰੋ ਰਹੀ ਹੈ । ਮੇਰਾ ਰੋਮ ਰੋਮ ਕੰਬ ਰਿਹਾ ਹੈ । ਸਾਰੀ ਰਾਤ ਮੈਂ ਸੂਲ਼ੀ 'ਤੇ ਟੰਗਿਆ ਰਿਹਾ ਹਾਂ । ਸੱਤ ਔਰ ਨੌਂ ਸਾਲਾਂ ਦੇ ਬੱਚਿਆਂ ਉੱਤੇ ਜ਼ੁਲਮ ਕਰਨ ਦੀ ਇਸਲਾਮ ਹਰਗਿਜ਼ ਇਜਾਜ਼ਤ ਨਹੀਂ ਦੇਂਦਾ ।

14. ਪੰਜਾਬੀ ਇਕਾਂਗੀ ਜਾਂ ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਬਾਰੇ ਸੰਖੇਪ ਨੋਟ ਲਿਖੋ । 5

**ਜਾਂ**

ਗੁਰਮਤਿ ਕਾਵਿ ਦੇ ਵਿਕਾਸ 'ਤੇ ਸੰਖੇਪ ਨੋਟ ਲਿਖੋ ।